Punjabi

# ਦੁਭਾਸ਼ੀਏ

CASA House ਤੁਹਾਡੇ ਨਾਲ ਗੱਲ ਕਰਨ ਵੇਲੇ ਦੁਭਾਸ਼ੀਏ ਦੀ ਵਰਤੋਂ ਕਰ ਸਕਦਾ ਹੈ। ਕਿਰਪਾ ਕਰਕੇ ਸਾਡੀ ਇਨਟੇਕ ਲਾਈਨ (03) 9635 3610 'ਤੇ ਫ਼ੋਨ ਕਰੋ ਅਤੇ ਆਪਣਾ ਨਾਮ, ਭਾਸ਼ਾ ਦਾ ਨਾਮ ਅਤੇ ਫ਼ੋਨ ਨੰਬਰ ਦੱਸੋ। ਅਸੀਂ ਤੁਹਾਨੂੰ ਦੁਭਾਸ਼ੀਏ ਨਾਲ ਵਾਪਸ ਫ਼ੋਨ ਕਰਾਂਗੇ।
ਤੁਸੀਂ ਰਾਸ਼ਟਰੀ ਅਨੁਵਾਦ ਅਤੇ ਦੁਭਾਸ਼ੀਆ ਸੇਵਾ ਨੂੰ 131 450 'ਤੇ ਵੀ ਫ਼ੋਨ ਕਰ ਸਕਦੇ ਹੋ।

# CASA House

**CASA House ਸਰੀਰਿਕ ਛੇੜ-ਛਾੜ ਦੇ ਪੀੜਤ, ਬਚ ਨਿਕਲੇ ਲੋਕਾਂ ਵਾਸਤੇ ਮਾਹਰ ਸਲਾਹ ਅਤੇ ਵਕਾਲਤ ਸੇਵਾ ਪ੍ਰਦਾਨ ਕਰਦਾ ਹੈ। ਅਸੀਂ ਕਿਸੇ ਵੀ ਲਿੰਗ, ਜਿਨਸੀ ਰੁਝਾਨ ਜਾਂ ਪਿਛੋਕੜ ਵਾਲੇ 16 ਸਾਲ ਤੋਂ ਵੱਧ ਉਮਰ ਦੇ ਲੋਕਾਂ ਨਾਲ ਰਲ੍ਹ-ਮਿਲ ਕੇ ਕੰਮ ਕਰਦੇ ਹਾਂ।**

- ਸਾਡੀਆਂ ਸੇਵਾਵਾਂ ਹਰ ਕਿਸੇ ਲਈ ਮੁਫ਼ਤ ਹਨ। ਤੁਹਾਡੇ ਕੋਲ ਮੇਡੀਕੇਅਰ ਕਾਰਡ ਜਾਂ ਰੈਫਰਲ ਦਾ ਹੋਣਾ ਲਾਜਮੀ ਨਹੀਂ ਹੈ। ਤੁਸੀਂ ਵਿਅਕਤੀਗਤ ਤੌਰ 'ਤੇ, ਔਨਲਾਈਨ ਜਾਂ ਫ਼ੋਨ ਰਾਹੀਂ ਸਾਡੀਆਂ ਸੇਵਾਵਾਂ ਤਕ ਪਹੁੰਚ ਸਕਦੇ ਹੋ।
- ਅਸੀਂ ਮੈਲਬੌਰਨ ਵਿੱਚ ਰਾਇਲ ਵੂਮੈਨ ਹਸਪਤਾਲ ਦਾ ਹਿੱਸਾ ਹਾਂ। ਸਾਡਾ ਮੁੱਖ ਦਫਤਰ ਮੈਲਬੌਰਨ CBD ਵਿੱਚ ਹੈ। ਅਸੀਂ Broadmeadows, Craigieburn ਅਤੇ Sunbury ਵਿੱਚ ਅਤੇ Royal Women's Hospital ਵਿੱਚ ਵੀ ਕੰਮ ਕਰਦੇ ਹਾਂ।
- ਅਸੀਂ ਉਨ੍ਹਾਂ ਲੋਕਾਂ ਦੀ ਸਹਾਇਤਾ ਕਰਦੇ ਹਾਂ ਜੋ ਮੈਲਬੌਰਨ ਦੇ ਉੱਤਰ-ਪੱਛਮੀ ਉਪਨਗਰਾਂ ਵਿੱਚ ਰਹਿੰਦੇ, ਕੰਮ ਕਰਦੇ ਅਤੇ ਪੜ੍ਹਾਈ ਕਰਦੇ ਹਨ। ਸਾਡੇ ਮੁੱਖ ਕੌਂਸਲ ਖੇਤਰ Merri-bek, Hume, Moonee Valley, Yarra, ਅਤੇ City of Melbourne ਹਨ। ਜੇਕਰ ਤੁਸੀਂ ਇਨ੍ਹਾਂ ਖੇਤਰਾਂ ਤੋਂ ਕਿਤੇ ਬਾਹਰ ਹੋ, ਤਾਂ ਤੁਸੀਂ ਆਪਣੀ ਸਥਾਨਕ ਸੇਵਾ ਜਿਨਸੀ ਹਮਲੇ ਦੀਆਂ ਸੇਵਾਵਾਂ ਵਿਕਟੋਰੀਆ ਵੈੱਬਸਾਈਟ 'ਤੇ ਲੱਭ ਸਕਦੇ ਹੋ।

# ਸੇਵਾਵਾਂ:

## ਸੰਕਟ ਸਹਾਇਤਾ

**ਸੰਕਟ ਸਹਾਇਤਾ ਉਨ੍ਹਾਂ ਪੀੜਤ, ਬਚ ਨਿਕਲੇ ਲੋਕਾਂ ਲਈ ਉਪਲਬਧ ਹੈ ਜਿਨ੍ਹਾਂ ਨੇ ਪਿਛਲੇ ਦੋ ਹਫ਼ਤਿਆਂ ਵਿੱਚ ਜਿਨਸੀ ਹਮਲੇ ਦਾ ਤਜੁਰਬਾ ਕੀਤਾ ਹੈ। ਅਸੀਂ ਇਸ ਸਹਾਇਤਾ ਨੂੰ ਕ੍ਰਾਈਸਿਸ ਕੇਅਰ ਯੂਨਿਟ ਜਾਂ CCU ਕਹਿੰਦੇ ਹਾਂ।**

- ਇਹ 24/7 ਸੇਵਾ ਸਮੁੱਚੇ ਵਿਕਟੋਰੀਆ ਵਿੱਚ, ਸ਼ਹਿਰੀ ਅਤੇ ਦਿਹਾਤੀ ਇਲਾਕਿਆਂ ਵਿੱਚ ਵਿਸ਼ੇਸ਼ ਜਿਨਸੀ ਸ਼ੋਸ਼ਣ ਸੰਸਥਾਵਾਂ ਦੁਆਰਾ ਪ੍ਰਦਾਨ ਕੀਤੀ ਜਾਂਦੀ ਹੈ। ਤੁਹਾਨੂੰ ਹਰ ਸਮੇਂ ਸੰਕਟ ਸਹਾਇਤਾ ਤੱਕ ਪਹੁੰਚ ਪ੍ਰਾਪਤ ਹੈ: ਦਿਨ ਦੇ 24 ਘੰਟੇ, ਸਾਲ ਦੇ ਹਰ ਦਿਨ। ਇਹ ਲਿੰਗ, ਜਿਨਸੀ ਰੁਝਾਨ, ਮੈਡੀਕੇਅਰ ਹੈ ਜਾਂ ਨਹੀਂ, ਯੋਗਤਾ ਜਾਂ ਪਿਛੋਕੜ ਦੀ ਪਰਵਾਹ ਕੀਤੇ ਬਿਨਾਂ, ਸਾਰੇ ਪੀੜਤ ਬਚ ਨਿਕਲੇ ਲੋਕਾਂ ਲਈ ਮੁਫਤ ਹੈ।
- ਸੰਕਟ ਦੇਖਭਾਲ ਸਹਾਇਤਾ ਵਿੱਚ ਕਾਉਂਸਲਿੰਗ (ਸਲਾਹਕਾਰ ਸੇਵਾ) ਅਤੇ ਵਕਾਲਤ ਸ਼ਾਮਲ ਹੈ। ਇਸ ਵਿੱਚ ਡਾਕਟਰੀ ਦੇਖਭਾਲ ਅਤੇ ਤੁਹਾਡੇ ਕਾਨੂੰਨੀ ਅਧਿਕਾਰਾਂ ਅਤੇ ਵਿਕਲਪਾਂ ਬਾਰੇ ਜਾਣਕਾਰੀ ਤੱਕ ਪਹੁੰਚ ਕਰਨ ਲਈ ਸਹਾਇਤਾ ਵੀ ਸ਼ਾਮਲ ਹੋ ਸਕਦੀ ਹੈ।

- ਜੇਕਰ ਤੁਸੀਂ ਪਿਛਲੇ ਦੋ ਹਫ਼ਤਿਆਂ ਵਿੱਚ ਕਿਸੇ ਕਿਸਮ ਦੇ ਹਮਲੇ ਦਾ ਸਾਮ੍ਹਣਾ ਕੀਤਾ ਹੈ ਅਤੇ ਸਹਾਇਤਾ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ 1800 806 292 'ਤੇ ਫ਼ੋਨ ਕਰੋ ਅਤੇ ਆਪਣਾ ਨਾਮ, ਭਾਸ਼ਾ ਅਤੇ ਫ਼ੋਨ ਨੰਬਰ ਦੱਸੋ।

## ਕਾਊਂਸਲਿੰਗ ਅਤੇ ਵਕਾਲਤ ਸਹਾਇਤਾ।

**ਅਸੀਂ ਸਿਲਸਿਲੇਵਾਰ, ਵਿਅਕਤੀਗਤ ਸਲਾਹ ਅਤੇ ਵਕਾਲਤ ਪ੍ਰਦਾਨ ਕਰਦੇ ਹਾਂ। ਪੀੜਤ ਬਚ ਨਿਕਲੇ ਵਿਅਕਤੀ ਸਲਾਹਕਾਰ ਪੱਖ-ਸਮਰਥਕ ਦੇ ਨਾਲ 12 ਵਿਅਕਤੀਗਤ ਕਾਊਂਸਲਿੰਗ ਸੈਸ਼ਨ ਪ੍ਰਾਪਤ ਕਰ ਸਕਦੇ ਹਨ। ਇਹ ਸੇਵਾ ਕਾਰੋਬਾਰੀ ਸਮੇਂ ਦੌਰਾਨ ਉਪਲਬਧ ਹੁੰਦੀ ਹੈ।**

- ਜਿਨਸੀ ਹਿੰਸਾ ਦੇ ਪ੍ਰਭਾਵਾਂ ਨੂੰ ਬਿਹਤਰ ਢੰਗ ਨਾਲ ਸਮਝਣ ਲਈ ਸਾਡੇ ਸਲਾਹਕਾਰ ਤੁਹਾਡੇ ਨਾਲ ਰਲ਼ ਕੇ ਕੰਮ ਕਰਨ ਵਾਸਤੇ ਕਈ ਤਰ੍ਹਾਂ ਦੇ ਕਾਊਂਸਲਿੰਗ (ਸਲਾਹਕਾਰ ਸੇਵਾ) ਦੀ ਵਰਤੋਂ ਕਰਦੇ ਹਨ। ਤੁਸੀਂ ਆਪਣੇ ਟੀਚਿਆਂ ਨੂੰ ਪ੍ਰਾਪਤ ਕਰ ਸਕੋ ਇਸਦੇ ਲਈ ਅਸੀਂ ਤੁਹਾਡੇ ਨਾਲ ਰਲ਼ ਕੇ ਕੰਮ ਕਰਾਂਗੇ ਅਤੇ ਅਤੇ ਕੋਈ ਵੀ ਧਾਰਣਾ ਬਣਾਏ ਬਿਨਾਂ ਸਹਾਇਤਾ ਪ੍ਰਦਾਨ ਕਰਾਂਗੇ।
- ਸਾਡੀਆਂ ਸੇਵਾਵਾਂ ਨਿੱਜੀ ਅਤੇ ਗੁਪਤ ਰੱਖੀਆਂ ਜਾਂਦੀਆਂ ਹਨ। ਹਰੇਕ ਕਾਊਂਸਲਿੰਗ ਮੁਲਾਕਾਤ 1 ਘੰਟੇ ਤੱਕ ਦੀ ਹੁੰਦੀ ਹੈ। ਅਸੀਂ ਕਾਰੋਬਾਰੀ ਘੰਟਿਆਂ ਦੌਰਾਨ ਵਿਅਕਤੀਗਤ ਤੌਰ 'ਤੇ ਜਾਂ ਵੀਡੀਓ ਕਾੱਲ ਰਾਹੀਂ ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਮੁਲਾਕਾਤਾਂ ਦੀ ਪੇਸ਼ਕਸ਼ ਕਰਦੇ ਹਾਂ।
- ਕੁਝ ਮਾਮਲਿਆਂ ਵਿੱਚ ਸਾਡੇ ਸਲਾਹਕਾਰ ਵਕਾਲਤ ਸੇਵਾ ਵੀ ਪ੍ਰਦਾਨ ਕਰ ਸਕਦੇ ਹਨ। ਇਸਦਾ ਮਤਲਬ ਹੈ ਕਿ ਉਹ ਪੁਲਿਸ ਸਮੇਤ ਹੋਰ ਲੋਕਾਂ ਜਾਂ ਸੰਸਥਾਵਾਂ ਨਾਲ ਗੱਲਬਾਤ ਕਰਨ ਵਿੱਚ ਤੁਹਾਡੀ ਮਦਦ ਕਰਦੇ ਹਨ।
- ਜੇਕਰ ਤੁਸੀਂ CASA ਹਾਊਸ ਵਿਖੇ ਕਾਊਂਸਲਿੰਗ ਪ੍ਰਾਪਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਫ਼ੋਨ ਕਰ ਕੇ 03 9635 3600 ਸੰਪਰਕ ਕਰੋ ਅਤੇ ਆਪਣਾ ਨਾਮ, ਭਾਸ਼ਾ ਅਤੇ ਫ਼ੋਨ ਨੰਬਰ ਦੱਸੋ।
- ਜਦੋਂ ਤੁਸੀਂ ਸਾਨੂੰ ਪਹਿਲੀ ਵਾਰ ਫ਼ੋਨ ਕਰਦੇ ਹੋ, ਤਾਂ ਅਸੀਂ ਤੁਹਾਨੂੰ ਇਸ ਬਾਰੇ ਕੁਝ ਜਾਣਕਾਰੀ ਦੇਣ ਲਈ ਕਹਾਂਗੇ ਕਿ ਤੁਸੀਂ ਕਿਉਂ ਫ਼ੋਨ ਮਿਲਾਇਆ ਹੈ। ਤੁਸੀਂ ਸਾਨੂੰ ਦੱਸ ਸਕਦੇ ਹੋ ਕਿ ਤੁਹਾਨੂੰ ਕੀ ਚਾਹੀਦਾ ਹੈ, ਫ਼ੋਨ ਰਾਹੀਂ ਸੰਖੇਪ ਕਾਊਂਸਲਿੰਗ ਸਹਾਇਤਾ, ਨਿਯਮਿਤ ਤੌਰ ਤੇ ਚੱਲ ਰਹੀ ਕਾਉਂਸਲਿੰਗ, ਜਾਂ ਦੋਵੇਂ।
- ਜੇਕਰ ਅਸੀਂ ਸਹਿਮਤ ਹੁੰਦੇ ਹਾਂ ਕਿ ਨਿਯਮਿਤ ਤੌਰ ਤੇ ਚੱਲ ਰਹੀ ਕਾਉਂਸਲਿੰਗ ਤੁਹਾਡੀਆਂ ਸਹਾਇਤਾ ਲੋੜਾਂ ਨੂੰ ਪੂਰਾ ਕਰੇਗੀ, ਤਾਂ ਦਾਖਲੇ ਲਈ ਅਸੀਂ ਇੱਕ ਮੁਲਾਕਾਤ ਤੈਅ ਕਰ ਦਿਆਂਗੇ। ਅਜਿਹਾ ਕਰਨ ਲਈ, ਅਸੀਂ ਤੁਹਾਡੇ ਤੋਂ ਤੁਹਾਡਾ ਨਾਮ, ਪਤਾ ਅਤੇ ਹੋਰ ਜਨ-ਅੰਕੜਿਆਂ ਸੰਬੰਧੀ ਵੇਰਵੇ ਮੰਗਾਂਗੇ।

## ਦੋਸਤ-ਰਿਸ਼ਤੇਦਾਰ ਅਤੇ ਪਰਿਵਾਰ

**ਇਹ ਮੁਸ਼ਕਲ ਅਤੇ ਪ੍ਰੇਸ਼ਾਨ ਕਰਨ ਵਾਲਾ ਹੋ ਸਕਦਾ ਹੈ ਜਦੋਂ ਕਿਸੇ ਅਜਿਹੇ ਵਿਅਕਤੀ ਨੇ ਜਿਨਸੀ ਹਿੰਸਾ ਜਾਂ ਦੁਰਵਿਵਹਾਰ ਦਾ ਸਾਮ੍ਹਣਾ ਕੀਤਾ ਹੁੰਦਾ ਹੈ, ਜਿਸਦੀ ਤੁਸੀਂ ਪਰਵਾਹ ਕਰਦੇ ਹੋ। ਇਹ ਜਾਣਨਾ ਵੀ ਔਖਾ ਹੋ ਸਕਦਾ ਹੈ ਕਿ ਕੀ ਕਰਨਾ ਹੈ ਜਾਂ ਕਹਿਣਾ ਹੈ, ਜਾਂ ਪੀੜਤ ਬਚ ਨਿਕਲੇ ਵਿਅਕਤੀ ਦੀ ਸਭ ਤੋਂ ਵਧੀਆ ਤਰੀਕੇ ਨਾਲ ਕਿਵੇਂ ਸੰਭਾਲ ਕਰਨੀ ਹੈ।**

- CASA ਹਾਊਸ ਜਿਨਸੀ ਹਮਲੇ ਦੇ ਪੀੜਤਾਂ ਦੇ ਦੋਸਤਾਂ ਅਤੇ ਅਪਰਾਧਕ ਤੋਂ ਨਿਰਲੇਪ ਪਰਿਵਾਰਕ ਮੈਂਬਰਾਂ ਨੂੰ ਸੰਖੇਪ ਸਹਾਇਤਾ ਦੀ ਪੇਸ਼ਕਸ਼ ਕਰਦਾ ਹੈ।
- ਅਸੀਂ ਇਸ ਗੱਲ 'ਤੇ ਚਰਚਾ ਕਰ ਸਕਦੇ ਹਾਂ ਕਿ ਤੁਸੀਂ ਜਿਨਸੀ ਹਮਲੇ ਦਾ ਤਜੁਰਬਾ ਕਰਨ ਵਾਲੇ ਵਿਅਕਤੀ ਦੀ ਸਭ ਤੋਂ ਵਧੀਆ ਸੰਭਾਲ ਕਿਵੇਂ ਕਰ ਸਕਦੇ ਹੋ। ਤੁਸੀਂ ਸਾਡੇ ਨਾਲ ਇਸ ਬਾਰੇ ਵੀ ਗੱਲ-ਬਾਤ ਕਰ ਸਕਦੇ ਹੋ ਕਿ ਉਨ੍ਹਾਂ ਦੀ ਸੰਭਾਲ ਕਰਨ ਅਤੇ ਉਨ੍ਹਾਂ ਦੀ ਕਹਾਣੀ ਸੁਣਨ ਨਾਲ ਤੁਹਾਡੇ ਉੱਤੇ ਕਿਹੋ ਜਿਹਾ ਪ੍ਰਭਾਵ ਪਿਆ ਹੈ।
- ਅਸੀਂ ਫ਼ੋਨ ਰਾਹੀਂ ਕਾਊਂਸਲਿੰਗ ਸਹਾਇਤਾ ਦੀ ਪੇਸ਼ਕਸ਼ ਕਰ ਸਕਦੇ ਹਾਂ। ਅਸੀਂ ਵਿਅਕਤੀਗਤ ਤੌਰ 'ਤੇ ਜਾਂ ਵੀਡੀਓ ਕਾੱਲ ਰਾਹੀਂ, ਦੋ ਵਿਅਕਤੀਗਤ ਕਾਉਂਸਲਿੰਗ ਮੁਲਾਕਾਤਾਂ ਤੱਕ ਦੀ ਪੇਸ਼ਕਸ਼ ਵੀ ਕਰ ਸਕਦੇ ਹਾਂ।

# ਸੰਪਰਕ ਕਰੋ

## ਸੰਕਟ ਸਹਾਇਤਾ

ਸੰਕਟ ਸਹਾਇਤਾ ਬਾਰੇ ਸਲਾਹਕਾਰ ਨਾਲ ਗੱਲ ਕਰਨ ਲਈ ਫ਼ੋਨ ਕਰੋ 1800 806 292 ਕਾਰੋਬਾਰੀ ਸਮੇਂ ਦੌਰਾਨ ਤੁਹਾਨੂੰ ਤੁਹਾਡੇ ਸਥਾਨਕ CASA ਘੱਲਿਆ (ਰੈਫ਼ਰ ਕੀਤਾ) ਜਾਵੇਗਾ। ਕੰਮਕਾਜੀ ਘੰਟਿਆਂ ਤੋਂ ਬਾਅਦ ਤੁਹਾਨੂੰ ਸੈਕਸੁਅਲ ਅਸਾਲਟ ਕਰਾਈਸਿਸ ਲਾਈਨ (SACL) ਵੱਲ ਘੱਲਿਆ ਜਾਵੇਗਾ।

## CASA House ਇਨਟੇਕ ਅਤੇ ਕਾਉਂਸਲਿੰਗ ਲਾਈਨ

ਸੰਖੇਪ ਫ਼ੋਨ ਸਹਾਇਤਾ ਵਾਸਤੇ ਕਿਸੇ ਸਲਾਹਕਾਰ ਨਾਲ ਗੱਲ ਕਰਨ ਲਈ, ਜਾਂ ਚੱਲਦੀ ਆ ਰਹੀ ਕਾਉਂਸਲਿੰਗ ਪ੍ਰਾਪਤ ਕਰਨ ਬਾਰੇ ਗੱਲ ਕਰਨ ਲਈ, (03)96353610 'ਤੇ ਫ਼ੋਨ ਕਰੋ ਜਾਂ Intake.casa@thewomens.org.au 'ਤੇ ਈਮੇਲ ਭੇਜੋ।

ਇਹ ਸੇਵਾ ਕੰਮਕਾਜੀ ਘੰਟਿਆਂ ਦੌਰਾਨ ਉਪਲਬਧ ਹੈ (ਸੋਮਵਾਰ - ਸ਼ੁੱਕਰਵਾਰ, ਸਵੇਰ 9 - ਸ਼ਾਮ 5 ਵਜੇ)।

## CASA House ਪ੍ਰਸ਼ਾਸਨ ਲਾਈਨ

ਤੁਹਾਡੀ ਮੁਲਾਕਾਤ ਅਤੇ ਆਮ ਪੁੱਛਗਿੱਛ ਬਾਰੇ ਜਾਣਕਾਰੀ ਲਈ, ਕਿਰਪਾ ਕਰਕੇ ਸਾਡੀ ਪ੍ਰਸ਼ਾਸਨ ਲਾਈਨ ਨੂੰ (03)96353600 'ਤੇ ਸੰਪਰਕ ਕਰੋ ਜਾਂ casa@thewomens.org.au 'ਤੇ ਈਮੇਲ ਭੇਜੋ।

## ਮੁੱਖ ਦਫ਼ਤਰ ਕਿੱਥੇ ਸਥਿਤ ਹੈ

CASA House ਦਾ ਮੁੱਖ ਦਫ਼ਤਰ 210 Lonsdale Street, Melbourne 'ਤੇ ਕਵੀਨ ਵਿਕਟੋਰੀਆ ਵੂਮੈਨ ਸੈਂਟਰ (Queen Victoria Women's Centre) (QVWC) ਵਿੱਚ ਹੈ।

CASA House ਤੀਜੀ ਮੰਜ਼ਿਲ 'ਤੇ ਹੈ, ਜਿਸ ਤੱਕ ਲਿਫਟ ਜਾਂ ਪੌੜੀਆਂ ਰਾਹੀਂ ਪਹੁੰਚਿਆ ਜਾ ਸਕਦਾ ਹੈ। ਇਹ ਇਮਾਰਤ ਦੇ ਪਿਛਲੇ ਪ੍ਰਵੇਸ਼ ਦੁਆਰ ਦੇ ਨੇੜੇ ਸਥਿਤ ਹਨ। ਸਾਡੀ ਇਮਾਰਤ ਵਿੱਚ ਅਪਾਹਜ ਲੋਕਾਂ ਦੀ ਪਹੁੰਚ ਵਾਸਤੇ ਪ੍ਰਬੰਧ ਕੀਤੇ ਗਏ ਹਨ। ਪਹੁੰਚ ਸਬੰਧੀ ਆਪਣੀਆਂ ਲੋੜਾਂ ਬਾਰੇ ਤੁਸੀਂ ਸਾਡੇ ਨਾਲ ਗੱਲ ਕਰ ਸਕਦੇ ਹੋ।